# ਕੌਮੀ ਅਣਖ ਦਾ ਪ੍ਰਤੀਕ — ਬੱਜ ਬੱਜ ਘਾਟ

ਮਲਵਿੰਦਰ ਜੀਤ ਸਿੰਘ ਵੜੈਚ

ਕੈਨੇਡਾ ਵੱਲ ਪਰਵਾਸ ਦੀ ਸ਼ੁਰੂਆਤ ਹੋਈ 1897 ਦੇ ਲੰਡਨ ਵਿੱਚ ਮਲਕਾ ਵਿਕਟੋਰੀਆ ਦੇ ਡਾਇਮੰਡ ਜੁਬਲੀ ਜਸ਼ਨਾ ਤੋਂ, ਜਿਸ ਵਿੱਚ ਸ਼ਾਮਲ ਹੋਈਆਂ ਸਾਡੀਆਂ ਪਲਟਨਾਂ ਨੂੰ ਜਦੋਂ ਉਹਨਾਂ ਦੇ ਵਾਪਸੀ ਸਫ਼ਰ ਮੌਕੇ ਕੈਨੇਡਾ ਦੇ ਪੂਰਬੀ ਤੱਟ ਤੇ ਸਮੁੰਦਰੀ ਜਹਾਜ਼ਾਂ ’ਚੋਂ ਲਾਹ ਕੇ ਦੇਸ਼ ਦੇ ਦੂਜੇ ਸਿਰੇ, ਭਾਵ ਪੱਛਮੀ ਤੱਟ ਤੱਕ ਰੇਲ ਗੱਡੀਆਂ ਰਾਹੀਂ ਭੇਜਿਆ ਗਿਆ; ਰਸਤੇ ਵਿੱਚ ਖੁਲਮ-ਖੁਲੇ ਅਣਵਾਹੇ ਵਾਹੀਯੋਗ ਮੈਦਾਨ ਵੇਖ ਕੇ ਕਈਆਂ ਦਾ ਤਾਂ ਐਨਾ ਮਨ ਲਲਚਾਇਆ ਕਿ ਦੇਸ਼ ਪਰਤਦਿਆਂ ਹੀ ਫ਼ੌਜ ’ਚੋਂ ਨਾਂ ਕਟਾਕੇ ਨਾ ਸਿਰਫ਼ ਆਪ ਹੀ ਉੱਥੇ ਜਾ ਵੱਸੇ, ਬਲਕਿ ਵਾਪਸੀ ਸਫ਼ਰ ਦੌਰਾਨ ਸ਼ੰਘਾਈ, ਹਾਂਗਕਾਂਗ, ਆਦਿ ਠਿਕਾਣਿਆਂ ਤੇ ਰਹਿੰਦੇ ਵਾਕਫ਼ਕਾਰਾਂ ਨੂੰ ਵੀ ਨਾਲ ਲੈ ਗਏ। ਕਰਦਿਆਂ-ਕਰਾਂਦਿਆਂ 1904-07 ਦੇ ਸਾਲਾਂ ਦੌਰਾਨ ਕੈਨੇਡਾ ਦੇ ਪੱਛਮੀ ਸੂਬੇ ਬ੍ਰਿਟਿਸ਼ ਕੋਲੰਬੀਆ, ਜਿੱਥੋਂ ਦੀਆਂ ਮੌਸਮੀ ਰੁਤਾਂ ਪੰਜਾਬ ਵਰਗੀਆਂ ਹੀ ਸਨ, ਸੈਕੜੇ ਪੰਜਾਬੀ ਪਹੁੰਚੇ ਤੇ ਛੇਤੀ ਹੀ ਉਹਨਾਂ ਨੇ ਆਰਾ ਮਿਲਾਂ ਵਿੱਚ ਭਾਰੀਆਂ ਲੱਕੜਾ ਚੁੱਕਣ ਤੇ ਰੇਲਵੇ ਲਾਈਨਾਂ ਵਿਛਾਉਣ ਵਰਗੇ ਹੱਡ-ਭੰਣਵੇ ਕਾਰਜਾਂ ਵਿੱਚ ਧਾਕ ਜਮਾ ਲਈ।

ਪਰ ਅਜੇ ਉਹ ਟਿਕ-ਟਿਕਾ ਹੀ ਰਹੇ ਸਨ ਕਿ ਗੋਰੇ ਹਾਕਮਾਂ ਨੂੰ ‘ਪਿੱਸੂ ਪੈ ਗਏ’ ਕਿ ਇਹ ਘਟੀਆ ਜਿਹੇ ਕਾਲੇ, ਕਿਤੇ ਕਲ-ਭਲਕ ਨੂੰ ਗਿਣਤੀ ਪੱਖੋਂ ਸਾਡੇ ਤੇ ਭਾਰੂ ਹੀ ਨਾ ਹੋ ਜਾਣ, ਤਾਂ ਉਹਨਾਂ ਦੇ ਸਿਰਕੱਢ ਆਗੂਆਂ ਨੇ 7 ਸਤੰਬਰ 1907 ਨੂੰ “ਏਸ਼ੀਆਟਿਕ ਐਕਸਕਲੂਸ਼ਨ ਲੀਗ” (Asiatic Exclusion League), ਸਿਰਜੀ, ਜਿਸ ਦਾ ਮੁੱਖ ਉਦੇਸ਼ ਹਿੰਦੀਆਂ ਦੇ ਆਵਾਸ ਨੂੰ ਠਲ੍ਹ ਪਾਉਣੀ ਸੀ। ਸਰਕਾਰ ਨੇ ਵੀ ਬਿਨਾਂ ਦੇਰੀ ਕੀਤੇ 8 ਜਨਵਰੀ 1908 ਨੂੰ ਭਾਰਤੀਆਂ ਦਾ ਦਾਖਲਾ ਰੋਕਣ ਲਈ ਕੈਨੇਡਾ ਆਉਣ ਵਾਲਿਆਂ ਲਈ ਆਪਣੇ ਦੇਸ਼ ਤੋਂ ਧੁਰ ਕੈਨੇਡਾ ਤੱਕ ਸਿੱਧੇ ਲਗਾਤਾਰ ਸਫ਼ਰ ਤੇ ਸਿੱਧੀ ਟਿਕਟ ਦੀ ਸ਼ਰਤ ਆਇਦ ਕਰ ਦਿੱਤੀ, ਤਾਂਕਿ ‘ਸੱਪ ਵੀ ਮਰ ਜਾਏ ਤੇ ਲਾਠੀ ਵੀ ਨਾ ਟੁਟੇ’, ਕਿਉਂਕਿ ਉਦੋਂ ਹਿੰਦੋਸਤਾਨ ਤੋਂ ਸਿੱਧਾ ਕੈਨੇਡਾ ਤੱਕ ਕੋਈ ਵੀ ਜਹਾਜ਼ ਨਹੀਂ ਜਾਂਦਾ ਸੀ। ਪਰ ਇਹ ਗੋਰੇ ਹਾਕਮ ਐਨੇ ਨਾਲ ਹੀ ਸੰਤੁਸ਼ਟ ਨਾ ਹੁੰਦੇ ਹੋਏ, ਤੇ ਜੂਨ 1908 ਵਿੱਚ ਹਿੰਦੀਆਂ ਤੇ 200 ਡਾਲਰ ਨਕਦ ਲਿਆਉਣਾ ਵੀ ਲਾਜ਼ਮੀ ਕਰ ਦਿੱਤਾ।

ਹਿਦੀਆਂ ਦਾ ਇਸ ਗਿਣੀ-ਮਿੱਥੀ ਸਾਜ਼ਿਸ਼ ਵਿਰੁੱਧ ਰੋਹ ਵਿੱਚ ਆਉਣਾ ਸੁਭਾਵਿਕ ਹੀ ਸੀ, ਪਰ ਚੂੰਕਿ ਮੁੱਦਾ ਮੂਲ ਰੂਪ ਵਿੱਚ ਕਾਨੂੰਨੀ-ਸੰਵਿਧਾਨਿਕ ਸੀ, ਇਸ ਲਈ 1909 ਤੋਂ ਲੈਕੇ 1914 ਦੇ ਸ਼ੁਰੂ ਤੱਕ ਕਈ ਡੈਪੂਟੇਸ਼ਨ ਓਟਾਵਾ/ਕੈਨੇਡਾ, ਲੰਡਨ, ਦਿੱਲੀ ਦੀਆਂ ਸਰਕਾਰਾਂ, ਪ੍ਰਮੁੱਖ ਸ਼ਖਸੀਅਤਾਂ, ਕੋਲ ਦਾਦ-ਫ਼ਰਯਾਦ ਕਰਦੇ ਅਤੇ ਨਾਲ ਦੀ ਨਾਲ ਹੀ ਥਾਂ ਪੁਰ ਥਾਂ ਮੀਟਿੰਗਾਂ ਆਦਿ ਕਰਕੇ ਲੋਕ ਰਾਏ ਜੁਟਾਉਣ ਦਾ ਜਤਨ ਵੀ ਕਰਦੇ ਰਹੇ; ਇਸ ਦੇ ਇਲਾਵਾ ਇਹਨਾਂ ਦਾ ਪੱਖ ਪੂਰਦੇ ਹੋਏ ‘ਮਾਡਰਨ ਰੀਵੀਉ’ ਜਿਹੇ ਪ੍ਰਸਿੱਧ ਰਸਾਲੇ ਤੇ ਅੰਗਰੇਜ਼ੀ ਦੇ ਰੋਜ਼ਾਨਾ ‘ਦੀ ਟ੍ਰਿਬਿਊਨ’ ਨੇ ਵੀ ਅਹਿਮ ਭੂਮਿਕਾ ਨਿਭਾਈ; ਬਲਕਿ ਬਦਨਾਮ ਪੰਜਾਬ ਗਵਰਨਰ ਸਰ ਮਾਈਕਲ ਓ-ਡਵਾਇਰ ਅਨੁਸਾਰ “ਲਾਹਰ ਵਿੱਚ ਹੋਏ ਇੱਕ ਅਜੇਹੇ ਹੀ ਇਕੱਠ ਵਿੱਚ ਕੁਝ ਉਹ ਵਿਅਕਤੀ ਵੀ ਪਹੁੰਚੇ, ਜਿਹੜੇ ਉਹਨਾਂ ਦੇ ਪੱਕੇ ਵਫਾਦਾਰਾਂ ਵਿੱਚੋਂ ਸਨ।” ... ਪਰ ਪਰਨਾਲਾ ਰਿਹਾ ਉੱਥੇ ਦਾ ਉੱਥੇ ਹੀ।

ਹੋਰ ਕੋਈ ਪੇਸ਼ ਨਾ ਜਾਂਦੀ ਵੇਖ ਇੱਕ ਹੰਢੇ ਵਰਤੇ ਅੰਤਰ-ਰਾਸ਼ਟਰੀ ਪੱਧਰ ਦੇ ਵਿਉਪਾਰੀ (ਬਾਬਾ) ਗੁਰਦਿੱਤ ਸਿੰਘ (ਸਰਹਾਲੀ, ਅੰਮ੍ਰਿਤਸਰ) ਨੇ ਉਦਮ ਕਰਕੇ ਸਿੱਧੇ/ਲਗਾਤਾਰ ਸਫ਼ਰ ਦੀ ਸ਼ਰਤ ਪੁਗਾਣ ਖ਼ਾਤਰ

“ਗੁਰੂ ਨਾਨਕ ਸਟੀਮਸ਼ਿਪ ਕੰਪਨੀ” ਸਿਰਜੀ, ਜਿਸ ਵੱਲੋਂ ‘ਕਾਮਾਗਾਟਾ ਮਾਰੂ’ ਨਾਂ ਦਾ ਜਾਪਾਨੀ ਸਮੁੰਦਰੀ ਜਹਾਜ਼ ਛੇ ਮਹੀਨੇ ਲਈ ਠੇਕੇ/ਕਿਰਾਏ ਤੇ ਲੈ ਕੇ ਕੈਨੇਡਾ ਪਰਵਾਸ ਕਰਨ ਦੇ ਇੱਛਕਾਂ ਨੂੰ ਅਖਬਾਰਾਂ/ਇਸ਼ਤਿਹਾਰਾਂ ਰਾਹੀਂ ਅੱਗੇ ਆਉਣ ਦਾ ਸੱਦਾ ਦਿੱਤਾ। ਸਿੱਟੇ ਵਜੋਂ ਪੌਣੇ ਚਾਰ ਕੁ ਸੌ ਮੁਸਾਫ਼ਿਰ ਲੈਕੇ ਜਹਾਜ਼ 22 ਮਈ ਨੂੰ ਵੈਨਕੂਵਰ ਦੇ ਪਾਣੀਆਂ ਵਿੱਚ ਜਾ ਲੱਗਾ; ਤੇ ਇਹਨਾਂ ਮੁਸਾਫ਼ਿਰਾਂ ਵਿੱਚੋਂ ਸਿਰਫ਼ 22 ਨੂੰ ਹੀ ਕੈਨੇਡਾ ਦਾਖਲ ਹੋਣ/ਉਤਰਨ ਦੀ ਇਜਾਜ਼ਤ ਦਿੱਤੀ ਗਈ।

## **ਵੈਨਕੂਵਰ ਵਿੱਚ ਮੋਰਚਾ** (**22 ਮਈ ਤੋਂ 23 ਜੁਲਾਈ ਤੱਕ**)

ਕਾਮਾਗਾਟਾ ਮਾਰੂ ਦੇ ਵੈਨਕੂਵਰ ਵੱਲ ਚੱਲ ਪੈਣ ਦੀਆਂ ਕਨਸੋਆਂ ਉੱਥੋਂ ਦੇ ਗੋਰੇ ਹਾਕਮਾਂ ਤੱਕ ਪਹੁੰਚਦਿਆਂ ਹੀ ਉਹਨਾਂ ਦੇ ‘ਕੰਨ ਖੜ੍ਹੇ ਹੋਣੇ’ ਹੀ ਸਨ; ਉਹਨਾਂ ਦੇ ਤਰਜਮਾਨ ਵਜੋਂ, ਉੱਥੋਂ ਦੇ ਇੱਕ ਪ੍ਰਮੁੱਖ ਅਖ਼ਬਾਰ ਨੇ ਲਿਖਿਆ: “ਇਹ ਮਜ਼ਦੂਰੀ ਦਾ ਸੁਆਲ ਨਹੀਂ, ਬਲਕਿ ਇਹ ਸੁਆਲ ਹੈ ਸਾਡੀ ਕੌਮੀ ਹਸਤੀ ਦਾ। ਇਹ ਮੁਹਿਮ, ਇਹ ਹੱਕ ਜਿਤਾਉਣ ਲਈ ਵਿੱਢੀ ਗਈ ਹੈ ਕਿ ਕੈਨੇਡਾ ਵਿੱਚ ਆਕੇ ਵਸਣ ਲਈ ਕੌਣ ਆਗਿਆ ਦੇਵੇ — ਹਿੰਦੋਸਤਾਨੀ ਜਾਂ ਕੈਨੇਡਾ ਵਾਲੇ।”

ਦੂਜੇ ਪਾਸੇ ਕੈਨੇਡਾ ਤੇ ਖਾਸ ਕਰਕੇ ਵੈਨਕੂਵਰ ਦੇ ਭਾਰਤੀਆਂ (ਜਿਹੜੇ ਉਸ ਸਮੇਂ ਤੱਕ ਗ਼ਦਰ ਲਹਿਰ ਨਾਲ ਜੁੜ ਚੁੱਕੇ ਹੋਏ ਸਨ) ਨੇ ਇਸ ਮੁੱਦੇ ਨੂੰ ਕੌਮੀ ਵਕਾਰ ਦਾ ਸੁਆਲ ਮੰਨਦੇ ਹੋਏ, ਹਰ ਹੀਲੇ ਆਪਣੇ ਹਮਵਤਨਾਂ ਨੂੰ ਉਤਾਰ ਲੈਣ ਦੀ ਠਾਨ ਲਈ। ਕਾਨੂੰਨੀ ਲੜਾਈ ਤੋਂ ਲੈਕੇ ਜਹਾਜ਼ ਦੇ ਠੇਕੇ ਦੀ ਰਕਮ ਉਪਲਬਦ ਕਰਾਉਣ ਤੱਕ ‘ਪੂਰੀ ਵਾਹ ਲਾਕੇ’ ਵੀ ਕੋਈ ਪੇਸ਼ ਨਾ ਜਾਂਦੀ ਵੇਖ ਉਹ ‘ਤਰਲੋਂ ਮੱਛੀ ਹੋ’ ਰਹੇ ਸਨ। ਹੋਰ ਤਾਂ ਹੋਰ ਨਿਰੋਲ ਮਨੁੱਖੀ ਆਧਾਰ ਤੇ ਭੁੱਖੇ-ਤਿਹਾਏ ਮੁਸਾਫ਼ਿਰਾਂ ਨੂੰ ਅੰਨ-ਪਾਣੀ ਪਹੁੰਚਾਉਣ ਦੀ ਆਗਿਆ ਵੀ ਨਹੀਂ ਸੀ ਦਿੱਤੀ ਜਾ ਰਹੀ।

ਅਖੀਰ ਗੋਰੀ ਸਰਕਾਰ ਨੰਗੀ-ਪੁੰਗੀ ਬਰਛਾਗਰਦੀ ਤੇ ਉਤਰ ਆਈ ਤੇ ਮੁਸਾਫ਼ਿਰਾਂ ਤੇ ਉਬੱਲਦੇ ਪਾਣੀ ਦੀ ਵਾਛੜ ਕਰਦਿਆਂ ਨਾਲ ਹੀ ਨਾਲ ਜਹਾਜ਼ ਤੇ ਪੁਲਿਸ ਚੜ੍ਹਾਉਣ ਦੀ ਕੋਝੀ ਚਾਲ ਚੱਲੀ। ਅੱਗੇ ਮੁਸਾਫ਼ਿਰ ਵੀ ਕਿਹੜੇ ‘ਚੂੜੀਆਂ ਪਾਈ’ ਬੈਠੇ ਸਨ, ਉਹਨਾਂ ਨੇ ਕੋਲਿਆਂ ਦੇ ਡਲਿਆਂ ਤੇ ਬਾਂਸਾਂ ਸਹਾਰੇ ਹੀ ਪੁਲਿਸ ਦੇ ‘ਛੱਕੇ ਛੁੜਾ ਦਿੱਤੇ’। ਅਖੀਰ ਨੌਬਤ ਏਥੋਂ ਤੱਕ ਆ ਗਈ ਕਿ ਜਹਾਜ਼ ਨੂੰ ਨੇਵੀ ਦੇ ਲੜਾਕੇ ਜਹਾਜ਼ਾਂ ਨੇ ਘੇਰ ਕੇ ਤੋਪਾਂ ਬੀੜ ਲਈਆਂ ਤੇ ਜਹਾਜ਼ ਨੂੰ ਉਡਾ ਦੇਣ ਤੱਕ ਦੇ ਡਰਾਵੇ ਦਿੱਤੇ ਗਏ। ਜਦੋਂ ਇਹਦੀ ਕਨਸੋਅ ਵੈਨਕੂਵਰ ਦੇ ਹਿੰਦੀਆਂ ਦੇ ਕੰਨੀਂ ਪਈ ਤਾਂ ਉਹਨਾਂ ਗੋਰੀ ਸਰਕਾਰ ਨੂੰ ਇਹ ਚਿਤਾਵਨੀ ਦੇ ਦਿੱਤੀ ਕਿ ਜੇ ਅਜਿਹਾ ਕੁਝ ਵੀ ਕੀਤਾ ਗਿਆ ਤਾਂ ਉਹ ਵੈਨਕੂਵਰ ਸ਼ਹਿਰ ਨੂੰ ਅੱਗ ਲੱਗਾ ਕੇ ਫੂਕ ਦੇਣ ਲਈ ਮਜਬੂਰ ਹੋ ਜਾਣਗੇ।

ਕਰ-ਕਰਾਕੇ ਗੱਲ ਇੱਥੇ ਨਿਬੱੜੀ ਕਿ ਜਹਾਜ਼ੀ ਮੁਸਾਫ਼ਿਰਾਂ ਨੂੰ ਰਸਤੇ ਦਾ ਰਾਸ਼ਣ-ਪਾਣੀ ਤੇ ਜਹਾਜ਼ ਲਈ ਈਂਧਨ (ਕੋਲਾ) ਦੇ ਕੇ ਵਾਪਸ ਤੋਰ ਦਿੱਤਾ ਜਾਏ। ਸੋ ਜਹਾਜ਼ 23 ਜੁਲਾਈ 1914 ਨੂੰ ਸਵੇਰੇ ਵਾਪਸੀ ਸਫ਼ਰ ਤੇ ਰਵਾਨਾ ਹੋਇਆ।

## **ਵਾਪਸੀ ਸਫ਼ਰ ਦੀ ਦਾਸਤਾਂ** (**23 ਜੁਲਾਈ - 28/29 ਸਤੰਬਰ 1914**)

ਅਸਲ ਵਿੱਚ ਭਾਰਤ ਸਰਕਾਰ ਨੇ ਜਹਾਜ਼ ਕੈਨੇਡਾ ਵੱਲ ਜਾਣ ਵੇਲੇ ਹੀ ਭਾਂਪ ਲਿਆ ਸੀ ਕਿ ਮਾਮਲਾ ਸਰਕਾਰ ਨਾਲ ਟਕਰਾਉ ਵੱਲ ਵੀ ਜਾ ਸਕਦਾ ਹੈ; ਇਸ ਤੱਥ ਦੀ ਪੁਸ਼ਟੀ, ਇਸ ਗੱਲ ਤੋਂ ਹੁੰਦੀ ਹੈ ਕਿ ਇੱਕ ਸਾਬਕਾ ਫੌਜੀ ਡਾਕਟਰ ਰਘੁਨਾਥ ਸਿੰਘ ਨੂੰ ਬਤੌਰ ਮੈਡੀਕਲ ਆਫ਼ਿਸਰ ਜਹਾਜ਼ ਤੇ ਸਵਾਰ ਕਰਾ ਦਿੱਤਾ ਗਿਆ। ਜਿਸ ਨੇ ਮੁਸਾਫ਼ਿਰਾਂ ਵਿੱਚ ਦੁਫੇੜ ਪਾਉਣ ਦੀ ‘ਪੂਰੀ ਵਾਹ ਲਾਈ’। ਅਸਲੀ ਭਾਂਡਾ ਉਦੋਂ ਭੱਜਿਆ ਜਦੋਂ ਇਹ ਹੀ

ਵਿਅਕਤੀ 'ਸਪੈਸ਼ਲ ਟ੍ਰਿਬਿਊਨਲ' ਮੂਹਰੇ ਗ਼ਦਰੀਆਂ ਵਿਰੁੱਧ 'ਕਾਮਾਗਾਟਾ ਮਾਰੂ ਸਾਜ਼ਿਸ' ਦੇ ਗਵਾਹ ਵੱਜੋਂ ਭੁਗਤਿਆ।

'ਪਹਿਲੇ ਲਾਹੌਰ ਸਾਜ਼ਿਸ਼ ਕੇਸ' ਦੇ ਫੈਸਲੇ ਵਿੱਚ ਸਪੈਸ਼ਲ ਟ੍ਰਿਬਿਊਨਲ ਦੇ ਜੱਜਾਂ ਨੇ ਤਾਂ ਇਹ ਵੀ ਖੁਲਾਸਾ ਕੀਤਾ ਹੈ ਕਿ (ਬਾਬਾ) ਗੁਰਦਿੱਤ ਸਿੰਘ ਨੂੰ ਇਹ ਸਕੀਮ ਵਿੱਢਣ ਵੇਲੇ ਹੀ ਪਤਾ ਸੀ ਕਿ ਮੁਸਾਫ਼ਿਰਾਂ ਨੂੰ ਕੈਨੇਡਾ 'ਚ ਦਾਖਲਾ ਨਹੀਂ ਮਿਲਣਾ, ਤੇ ਇਸ ਮੁੱਦੇ ਨੂੰ ਲੈਕੇ ਲੋਕਾਂ ਨੂੰ ਸਰਕਾਰ ਵਿਰੁੱਧ ਭੜਕਾਉਣਾ ਆਸਾਨ ਹੋ ਜਾਵੇਗਾ। ਪਿੱਛੇ ਜਾ ਕੇ ਇਨਕੁਆਇਰੀ ਕਮੇਟੀ ਨੇ ਵੀ ਫਤਵਾ ਦਿੱਤਾ ਕਿ ਕਾਮਾਗਾਟਾ ਮਾਰੂ ਦੇ ਕੈਨੇਡਾ ਵੱਲ ਸਫ਼ਰ ਦੌਰਾਨ (ਭਾਈ) ਭਗਵਾਨ ਸਿੰਘ ਅਤੇ (ਪ੍ਰੋਫੈਸਰ) ਬਰਕੱਤ ਉੱਲਾ ਨੇ ਯੋਕੋਹਾਮਾ ਬੰਦਰਗਾਹ ਤੇ ਜਹਾਜ਼ ਵਿੱਚ ਆ ਕੇ ਨਾ ਕੇਵਲ ਲੈਕਚਰ ਦਿੱਤੇ ਸਨ, ਬਲਕਿ ਨਾਲ ਹੀ 'ਗ਼ਦਰ' ਅਖਬਾਰ ਦੇ ਪਰਚੇ ਵੀ ਵੰਡੇ ਸਨ, ਤੇ ਭਲਾ ਇਹ ਸਭ ਕੁਝ (ਬਾਬਾ) ਗੁਰਦਿੱਤ ਸਿੰਘ ਦੀ ਮਿਲੀਭੁਗਤ ਤੋਂ ਬਿਨਾਂ ਕਿਵੇਂ ਹੋ ਸਕਦਾ ਸੀ?

ਖ਼ੈਰ, ਮੁਸਾਫ਼ਿਰ ਵੈਨਕੂਵਰ ਤੋਂ ਵਾਪਸੀ ਸਮੇਂ ਵਿਦਰੋਹੀ ਭਾਵਨਾਵਾਂ ਨਾਲ ਸਰਸ਼ਾਰ ਸਨ। ਇਸ ਲਈ ਉਨ੍ਹਾਂ ਨੂੰ ਨਾ ਕੇਵਲ ਵਾਪਸੀ ਦੌਰਾਨ ਬੰਦੀ ਬਨਾਕੇ ਹੀ ਰੱਖਿਆ ਗਿਆ, ਬਲਕਿ ਉਨ੍ਹਾਂ ਨੂੰ ਜਹਾਜ਼ੋ ਉਤਰਨ ਤੇ ਚੜ੍ਹਨ ਦੀ ਸਖ਼ਤ ਮਨਾਹੀ ਸੀ, ਹਾਲਾਂਕਿ ਇਸ ਸਭ ਕਾਸੇ ਦੇ ਬਾਵਜੂਦ ਕੁਝ ਮੁਸਾਫ਼ਿਰ ਉਤਰਦੇ ਵੀ ਰਹੇ ਤੇ ਕੁਝ ਕੁ ਹੋਰ ਸਵਾਰ ਵੀ ਹੁਦੇ ਹੀ ਰਹੇ।

## ਬੱਜ-ਬੱਜ ਘਾਟ ਤੇ ਗੋਲੀਆਂ ਨਾਲ ਸੁਆਗਤ

ਇਸੇ ਦੌਰਾਨ 27 ਜੁਲਾਈ 1914 ਨੂੰ ਪਹਿਲੀ ਵਿਸ਼ਵ ਜੰਗ ਛਿੜ ਗਈ ਸੀ, ਜਿਸ ਤੇ ਅਮਰੀਕਾ ਸਥਿਤ ਗ਼ਦਰ ਪਾਰਟੀ ਦੇ ਆਗੂਆਂ ਨੇ ਵੀ ਗ਼ਦਰ ਲਈ ਕੱਚੀ-ਪੱਕੀ ਤਿਆਰੀ ਦੇ ਬਾਵਜੂਦ ਮੌਕੇ ਦਾ ਫ਼ਾਇਦਾ ਉਠਾਉਣ ਲਈ 4 ਅਗਸਤ 1914 ਨੂੰ ਜੰਗ ਦਾ ਐਲਾਨ ਕਰ ਦਿੱਤਾ ਤੇ ਪਾਰਟੀ ਦੇ ਹੌਂਕੇ 'ਤੇ ਸੈਕੜਾਂ ਭਾਰਤੀਆਂ ਨੇ ਸਭ ਕਾਸੇ ਨੂੰ ਭੁਲ ਕੇ 'ਸਿਰ ਤਲੀ ਤੇ ਰੱਖਕੇ' ਦੇਸ਼ ਵੱਲ ਵਹੀਰਾਂ ਘਤ ਲਈਆਂ। ਹਿੰਦ ਸਰਕਾਰ ਨੇ ਇਸ ਹੱਲੇ ਨੂੰ ਠੱਲ੍ਹਣ ਲਈ 20 ਅਗਸਤ 1914 ਨੂੰ ਜਾਰੀ ਕੀਤੇ ਇੱਕ 'ਆਰਡੀਨੈਂਸ' ਅਨੁਸਾਰ, ਹਰ ਅਜਿਹੇ ਵਿਅਕਤੀ ਨੂੰ ਜੋ ਸਮੁੰਦਰੀ ਰਸਤੇ ਤੋਂ ਭਾਰਤ ਵਿੱਚ ਦਾਖਲ ਹੋਵੇ, ਉਹਨੂੰ ਨਜਰਬੰਦ ਕੀਤਾ ਜਾ ਸਕਦਾ ਸੀ। ਇਸ ਆਰਡੀਨੈਂਸ ਦੀ ਖ਼ੂਬੀ ਇਹ ਸੀ ਕਿ ਇਹ ਆਪਣੇ ਘਰਾਂ ਨੂੰ ਪਰਤਦੇ ਹਿੰਦੀਆਂ ਤੇ ਵੀ ਲਾਗੂ ਸੀ; ਸੋ ਗੱਲ ਉਹੀ ਬਣੀ-

> **"ਦੇਸ ਪੈਣ ਧੱਕੇ ਬਾਹਰ ਮਿਲੇ ਢੋਈ ਨਾ**
> **ਸਾਡਾ ਪਰਦੇਸੀਆਂ ਦਾ ਦੇਸ ਕੋਈ ਨਾ"**

ਇਸ ਲਈ, ਹੁਣ ਜਿੱਥੇ ਸਰਕਾਰ ਨੇ ਇਹਨਾਂ ਸਾਰੇ ਕਾਮਾਗਾਟਾ ਮਾਰੂ ਦੇ ਮੁਸਾਫ਼ਿਰਾਂ ਨੂੰ ਗ੍ਰਿਫ਼ਤਾਰ ਕਰਨ ਲਈ ਰਸੇ ਪੈੜੇ ਵੱਟ ਰੱਖੇ ਸਨ, ਉੱਥੇ ਮੁਸਾਫ਼ਿਰਾਂ ਨੂੰ ਇਸ ਗੱਲ ਦੀ ਭਿਣਕ ਅਖੀਰ ਮੌਕੇ (ਭਾਵ 29 ਸਤੰਬਰ) ਤੱਕ ਕੰਨੀ ਨਹੀਂ ਪਈ। 3 ਦਸੰਬਰ 1914 ਵਾਲੀ ਇਨਕੁਆਇਰੀ ਰਿਪੋਰਟ, ਜੋ ਸਭ ਤੋਂ ਵਧੇਰੇ ਭਰੋਸੇਯੋਗ ਦੱਸੀ ਜਾਂਦੀ ਹੈ, ਉਸਦੇ ਪੈਰਾ 26 ਵਿੱਚ ਮੰਨਿਆ ਗਿਆ ਹੈ ਕਿ ਕਿਸੇ ਪੜਾਅ ਤੇ ਵੀ ਮੁਸਾਫ਼ਿਰਾਂ ਨੂੰ ਸੂਚਿਤ ਨਹੀਂ ਕੀਤਾ ਗਿਆ ਕਿ ਉਨ੍ਹਾਂ ਨੂੰ ਬੱਜ-ਬੱਜ ਲੈ ਜਾਣ ਉਪਰੰਤ ਬੰਗਾਲ ਜਾਂ ਪੰਜਾਬ 'ਚ ਲਿਜਾਕੇ ਕਿਸੇ ਤਰ੍ਹਾਂ ਦੀ ਪਾਬੰਦੀ ਹੇਠਾਂ ਰੱਖਿਆ ਜਾਵੇਗਾ। ਜੇ 28-29 ਸਤੰਬਰ ਦੇ ਘਟਨਾਕ੍ਰਮ ਦੀ ਗਹੁ ਨਾਲ ਪੜਚੋਲ ਕਰੀਏ ਤਾਂ 29 ਸਤੰਬਰ ਵਾਲੇ ਘਲੂਘਾਰੇ ਦਾ ਫ਼ੌਰੀ ਕਾਰਨ ਹੀ ਇਹ ਸੀ ਕਿ ਸਰਕਾਰ ਮੁਸਾਫ਼ਿਰਾਂ ਨੂੰ ਝਾਂਸਾ ਦੇ ਕੇ ਗੱਡੀਆਂ ਵਿੱਚ ਲੱਦ ਕੇ ਜੇਲ੍ਹਾਂ 'ਚ ਡੱਕਨਾ ਚਾਹੁੰਦੀ ਸੀ, ਤੇ ਉਸ ਦੀ ਇਸ 'ਲੂੰਬੜ ਚਾਲ' ਨੂੰ ਮੁਸਾਫ਼ਿਰ ਭਾਵੇਂ ਪੂਰੀ ਤਰ੍ਹਾਂ ਸਮਝ ਵੀ ਨਹੀਂ ਪਾ ਰਹੇ ਸਨ, ਪਰ ਉਹਨਾਂ ਨੂੰ 'ਦਾਲ ਵਿੱਚ ਬਹੁਤ ਕੁੱਝ ਕਾਲਾ' ਨਜ਼ਰ ਜ਼ਰੂਰ ਆ ਰਿਹਾ ਸੀ।

ਹਾਕਮਾਂ ਦੇ ਇਸ ਵਰਤਾਰੇ ਪਿੱਛੇ ਇਹ ਧਾਰਨਾ ਕੰਮ ਕਰ ਰਹੀ ਸੀ ਕਿ ਇਹ ਲੋਕੀ (ਮੁਸਾਫ਼ਿਰ) ਕਲਕੱਤਾ ਪਹੁੰਚ ਕੇ ਜਲੂਸਾਂ-ਮੁਜ਼ਾਹਰਿਆਂ ਰਾਹੀਂ ਲੋਕਾਂ ਨੂੰ ਸਰਕਾਰ ਵਿਰੁੱਧ ਭੜਕਾਉਣਗੇ, ਜੋ ਗਲਤ ਵੀ ਨਹੀਂ ਸੀ। ਅਸਲ ਵਿੱਚ ਇਸ ਮਕਸਦ ਨਾਲ (ਬਾਬਾ) ਗੁਰਦਿੱਤ ਸਿੰਘ ਵੱਲੋਂ 19 ਸਤੰਬਰ ਨੂੰ ਕਲਕੱਤਾ ਦੇ ਇੱਕ ਪੱਤਰਕਾਰ ਤੇ ਸ: ਹਰਚੰਦ ਸਿੰਘ ਲਾਇਲਪੁਰੀ ਨੂੰ ਭੇਜੀ ਤਾਰ — ਜੋ ਸਰਕਾਰ ਦੇ ਹਥੀਂ ਚੜ੍ਹ ਗਈ ਸੀ ਤੇ ਸਰਕਾਰ ਵੱਲੋਂ ਇਹ ਤਾਰ ਦਬਾ ਲਈ ਗਈ ਸੀ — ਤੋਂ ਜਾਹਿਰ ਹੁੰਦੀ ਹੈ। ਇਸ ਤਾਰ ਦਾ ਮਜ਼ਮੂਨ ਸੀ: "ਭਾਰਤੀ ਆਗੂ ਕਾਮਾਗਾਟਾ ਮਾਰੂ ਨਾਲ ਸੰਪਰਕ ਕਰਨ, ਜੋ 28 ਸਤੰਬਰ ਦੇ ਨੇੜੇ-ਤੇੜੇ ਕਲੱਕਤਾ ਪਹੁੰਚ ਰਿਹਾ ਹੈ।"

ਜ਼ਿਕਰਯੋਗ ਹੈ ਕਿ 26-27 ਸਤੰਬਰ ਨੂੰ ਜਹਾਜ਼ ਦੇ ਸਮਾਨ ਦੀ ਤੇ ਮੁਸਾਫ਼ਿਰਾਂ ਦੀ ਪੂਰੀ ਤਿਆਰੀ ਨਾਲ ਤਲਾਸ਼ੀ ਲਈ ਗਈ ਤੇ ਕੁੱਝ ਵੀ ਇਤਰਾਜ਼ਯਗ ਚੀਜ਼ ਨਹੀਂ ਮਿਲੀ। ਭਾਵੇਂ ਕਿ ਕੁੱਝ ਮੁਸਾਫ਼ਿਰਾਂ ਕੋਲ ਪਹਿਲਾਂ ਪਿਸਤੌਲ ਆਦਿ ਸਨ, ਪਰ ਸਿੰਗਾਪੁਰ ਤੋਂ ਚਲਣ ਲੱਗਿਆ ਸੰਭਾਵਤ ਤਲਾਸ਼ੀਆਂ ਦੇ ਮੱਦੇਨਜ਼ਰ ਸਾਰਿਆਂ ਨੇ ਇਹ ਹਥਿਆਰ ਸਮੁੰਦਰ 'ਚ ਸੁੱਟ ਦਿੱਤੇ ਸਨ। ਬੱਜ-ਬੱਜ ਘਾਟ ਤੇ ਉਤਰਨ ਪਿੱਛੋਂ ਮੁਸਾਫ਼ਿਰਾਂ ਦੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਕਿਸੇ ਗੁਰਦੁਆਰੇ ਪਹੁੰਚਾਉਣ ਤੇ ਸਜਨਾਂ-ਮਿੱਤਰਾਂ ਨਾਲ ਮਿਲਣ ਦੀ ਬੇਨਤੀ ਨੂੰ ਠੁਕਰਾਉਦਿਆਂ ਹੋਇਆ ਮੁਸਾਫ਼ਿਰਾਂ ਨੂੰ ਵੇਹੜ-ਵਾਹੜ ਕੇ ਗੱਡੀ ਵਿੱਚ ਚਾੜ੍ਹਨ ਲਈ ਜ਼ਬਰਦੱਸਤੀ ਕਰਦਿਆਂ ਕੁਝ ਹਾਥਾਪਾਈ ਹੋ ਗਈ, ਤੇ ਬਹਾਨਾ ਪਾਕੇ ਮੁਸਾਫ਼ਿਰਾਂ ਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ ਗਿਆ। ਸਿੱਟੇ ਵਜੋਂ, 16 ਮੁਸਾਫ਼ਿਰ ਮੌਕੇ ਤੇ ਅਤੇ 2 ਹਸਪਤਾਲ ਵਿੱਚ ਸ਼ਹੀਦ ਹੋਏ, ਤੇ ਦਰਜਨਾਂ ਜ਼ਖ਼ਮੀ ਹੋਏ। ਜ਼ਖ਼ਮੀਆਂ ਨੂੰ ਵੀ ਬਾਕੀਆਂ ਵਾਂਗ ਜੇਲ੍ਹ 'ਚ ਡੱਕ ਦਿੱਤਾ ਗਿਆ; ਏਥੋਂ ਤੱਕ ਕਿ ਬਾਬਾ ਗੁਰਦਿੱਤ ਸਿੰਘ ਦੇ 9 ਸਾਲ ਦੇ ਬਾਲਕ, ਬਲਵੰਤ ਸਿੰਘ ਨੂੰ ਵੀ ਜ਼ਖ਼ਮੀ ਹਾਲਤ ਵਿੱਚ ਹੀ 6 ਮਹੀਨੇ ਜੇਲ੍ਹ ਵਿੱਚ ਡੱਕੀ ਰੱਖਿਆ।

ਇਸ ਸਾਕੇ ਬਾਰੇ ਸਰਕਾਰ ਵੱਲੋਂ ਕਈ ਰਿਪੋਰਟਾਂ ਪ੍ਰਸਤੁਤ ਕੀਤੀਆਂ ਗਈਆਂ, ਜਿਨ੍ਹਾਂ ਬਾਰੇ ਐਨਾ ਕਹਿ ਦੇਣਾ ਹੀ ਕਾਫ਼ੀ ਹੈ ਕਿ ਇਹਨਾਂ ਦਾ ਆਪਾ-ਵਿਰੋਧ ਹੀ ਇਹਨਾਂ ਨੂੰ ਨਕਾਰਨ ਲਈ ਕਾਫ਼ੀ ਹੋਵੇਗਾ। ਜੇ ਕੋਈ ਸੱਚ ਹੈ ਤਾਂ ਇਹ ਕਿ ਇਹ ਕਾਰਾ 'ਗੁਸਤਾਖ਼' ਹਿੰਦੀਆਂ ਨੂੰ ਉਹਨਾਂ (ਗੋਰਿਆਂ) ਦੀ ਤਰਜ਼ ਤੇ ਕੈਨੇਡਾ ਦਾਖਲੇ ਲਈ ਝਾਕ ਰੱਖਣ ਦਾ 'ਮਜ਼ਾ ਚਖਾਉਣ' ਲਈ ਕੀਤਾ ਗਿਆ ਸੀ।

ਪਰ ਹੋਇਆ ਇਸ ਦੇ ਐਨ ਉਲਟ। ਜੰਗ ਮੁਕਦਿਆਂ ਹੀ ਸਰਕਾਰ ਨੂੰ 'ਰੋਲਟ ਐਕਟ' ਵਰਗਾ ਕਾਲਾ ਕਾਨੂੰਨ ਘੜਨਾ ਪਿਆ, ਜਿਸ ਦਾ ਮੂਲ ਮਕਸਦ ਵਿਦੇਸ਼ੋਂ ਪਰਤੇ ਪੰਜਾਬੀ, ਬੰਗਾਲੀ ਅਤੇ ਮਹਾਰਾਸ਼ਟਰੀ ਇਨਕਲਾਬੀਆਂ ਦੀਆਂ ਸੰਭਾਵਤ ਵਿਦਰੋਹੀ ਸਰਗਰਮੀਆਂ ਨੂੰ ਠੱਲ੍ਹ ਪਾਉਣਾ ਸੀ - ਪਰ ਸਰਕਾਰ ਦੀਆਂ ਇਹੋ ਜਿਹੀਆਂ ਚਾਲਾਂ ਨੇ ਤਾਂ ਆਜ਼ਾਦੀ ਲਹਿਰ ਨੂੰ ਹੋਰ ਵੀ ਪ੍ਰਚੰਡ ਰੂਪ ਦ ਦਿੱਤਾ ਸੀ।

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੁਲਾ 134109

ਈਮੇਲ: mjswaraich29@gmail.com

ਫੋਨ: 0172-2556314

---